# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :04-03-2026**

- ਵਿਦੇਸ਼ ਮੰਤਰਾਲੇ ਵਲੋਂ ਪੱਛਮੀ ਏਸ਼ੀਆ ਅਤੇ ਖਾੜੀ ਖੇਤਰ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਇੱਕ ਕੰਟਰੋਲ ਰੂਮ ਕਾਇਮ.

- ਪਛਮੀ ਏਸ਼ੀਆ ‘ਚ ਚਲ ਰਹੇ ਤਣਾਅ ਦਰਮਿਆਨ ਕੁਝ ਭਾਰਤੀ ਦੇਸ਼ ਪਰਤੇ ਨੇ .

- ਪੰਜਾਬ ‘ਚ ਹੋਲੀ ਤੇ ਹੋਲੇ ਮਹੱਲੇ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਏ ਜਾ ਰਹੇ ਨੇ.
- ICC twenty twenty ਕ੍ਰਿਕੇਟ ਵਿਸ਼ਵ ਕੱਪ ਦਾ ਪਹਿਲਾ ਸੈਮੀਫਾਈਨਲ ਮੈਚ ਅੱਜ ਸ਼ਾਮ ਕੋਲਕਾਤਾ ਦੇ ਈਡਨ ਗਾਰਡਨ ਵਿਖੇ ਖੇਡਿਆ ਜਾਏਗਾ.

---

ਵਿਦੇਸ਼ ਮੰਤਰਾਲੇ ਨੇ ਪੱਛਮੀ ਏਸ਼ੀਆ ਅਤੇ ਖਾੜੀ ਖੇਤਰ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਇੱਕ ਕੰਟਰੋਲ ਰੂਮ ਕਾਇਮ ਕੀਤਾ ਏ. ਕੰਟਰੋਲ ਰੂਮ ਨਾਲ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਏ. ਕੰਟ੍ਰੋਲ room ਦਾ TOLL FREE ਨੰਬਰ ਏ –

180-0-118-79

TOLL FREE ਨੰਬਰ ਇੱਕ ਵਾਰ ਫਿਰ ਸੁਣ ਲਓ 180-0-118-79

ਇਸ ਤੋਂ ਇਲਾਵਾ ਕੰਟ੍ਰੋਲ room ਦੇ ਨੰਬਰ ਨੇ 0-1-1-230-121-13,

0-1-1- 230-141-0-4 ਅਤੇ

0-1-1-230-179-0-5

ਇਸ ਤੋਂ ਇਲਾਵਾ, ਟਕਰਾਅ ਵਾਲੇ ਖੇਤਰ ਵਿੱਚ ਭਾਰਤੀ ਦੂਤਾਘਰਾਂ ਨੇ ਸੁਰੱਖਿਆ ਉਪਾਵਾਂ ਅਤੇ ਲੋਕਾਂ ਨੂੰ ਸੁਰਖਿਅਤ ਕਢਣ ਦੇ ਤਾਲਮੇਲ ਵਿੱਚ ਸਹਾਇਤਾ ਲਈ 24 ਘੰਟੇ ਚਲਣ ਵਾਲੀ ਐਮਰਜੈਂਸੀ ਹੈਲਪਲਾਈਨਾਂ ਕਾਇਮ ਕੀਤੀਆਂ ਨੇ.

---

ਅਮਰੀਕਾ ਤੇ ਇਜ਼ਰਾਇਲ ਅਤੇ ਈਰਾਨ ਵਿਚਕਾਰ ਜਾਰੀ ਟਕਰਾਅ ਦੌਰਾਨ ਦੁਬਈ 'ਤੇ ਵੀ ਹਮਲਾ ਹੋ ਰਿਹਾ ਏ ਜਿੱਥੇ ਕਰੀਬ ਇੱਕ ਕਰੋੜ

ਭਾਰਤੀ ਰਹਿ ਰਹੇ ਨੇ. ਭਾਰਤ ਸਰਕਾਰ ਵਲੋਂ ਜੰਗ ਵਿੱਚ ਫਸੇ ਭਾਰਤੀਆਂ ਨੂੰ ਬਚਾਉਣ ਅਤੇ ਵਾਪਸ ਲਿਆਉਣ ਲਈ ਕਈ ਜਹਾਜ਼ ਭੇਜੇ ਗਏ ਨੇ. ਇਸ ਬਚਾਅ ਕਾਰਜ ਵਿੱਚ, ਮੋਹਾਲੀ ਦੇ ਦੋ ਨਿਵਾਸੀ ਅੱਜ ਦੁਬਈ ਤੋਂ ਵਾਪਿਸ ਆਏ ਨੇ. ਇਸ ਤੋਂ ਇਲਾਵਾ ਇੱਕ ਹੋਰ ਪਰਿਵਾਰ ਤੋਂ ਵੀ ਦੋ ਲੋਕ ਪਰਤੇ ਨੇ . ਇਹਨਾਂ ਸਾਰਿਆਂ ਨੇ ਪ੍ਰਧਾਨ ਮੰਤਰੀ ਮੋਦੀ ਅਤੇ UAE ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ –

byte –INDIAN NATIONALS

---

ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (CBSE) ਨੇ ਯੁੱਧ ਪ੍ਰਭਾਵਿਤ ਪੱਛਮੀ ਏਸ਼ੀਆਈ ਖੇਤਰ ਵਿੱਚ 5 ਅਤੇ 6 ਮਾਰਚ ਨੂੰ ਹੋਣ ਵਾਲੀਆਂ ਆਪਣੀਆਂ 10ਵੀਂ ਅਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਨੇ. ਇਨ੍ਹਾਂ ਪ੍ਰੀਖਿਆਵਾਂ ਲਈ ਸੋਧੀਆਂ ਤਰੀਕਾਂ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ। ਬੋਰਡ ਨੇ ਕਿਹਾ ਕਿ 7 ਮਾਰਚ ਤੋਂ ਬਾਅਦ ਨਿਰਧਾਰਤ ਪ੍ਰੀਖਿਆਵਾਂ ਬਾਰੇ ਫੈਸਲਾ ਕੱਲ੍ਹ ਤੱਕ ਸਥਿਤੀ ਦੀ ਸਮੀਖਿਆ ਕਰਨ ਤੋਂ ਬਾਅਦ ਲਿਆ ਜਾਵੇਗਾ।

-------------------------------------------------------------

ਰੰਗਾਂ ਦਾ ਤਿਉਹਾਰ ਹੋਲੀ ਅੱਜ ਦੇਸ਼ ਭਰ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ। ਹੋਲੀ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਅਤੇ ਬਸੰਤ ਦੇ ਆਗਮਨ ਦਾ ਪ੍ਰਤੀਕ ਏ। ਇਸ ਦਿਨ ਲੋਕ ਇੱਕ ਦੂਜੇ ਨੂੰ ਰੰਗ ਲਾਉਂਦੇ ਨੇ, ਮਠਿਆਈਆਂ ਵੰਡਦੇ ਨੇ ਅਤੇ ਦਿੰਦੇ ਨੇ. ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ-ਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਨਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਹੋਲੀ ਦੇ ਮੌਕੇ 'ਤੇ ਦੇਸ਼ ਨੂੰ ਵਧਾਈਆਂ ਦਿੱਤੀਆਂ। ਪੰਜਾਬ 'ਚ ਵੀ ਹੋਲੀ ਦੀਆਂ ਰੋਣਕਾਂ ਸਭ ਪਾਸੇ ਦੇਖਣ ਨੂੰ ਮਿਲ ਰਹੀਆਂ ਨੇ . ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਇਸ ਸੋਸ਼ਲ ਮੀਡੀਆ ਪੋਸਟ ਰਾਹੀਂ ਸਾਰਿਆਂ ਨੂੰ ਹੋਲੀ ਦੀਆਂ ਮੁਬਾਰਕਾਂ ਦਿੱਤੀਆਂ ਨੇ.

-------------------------------------------------------------

ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੌਮੀ ਤਿਉਹਾਰ ਹੋਲਾ ਮਹੱਲਾ ਦੀ ਅੱਜ ਰਵਾਇਤਾਂ ਅਨੁਸਾਰ ਸਮਾਪਤੀ ਹੋ ਰਹੀ ਏ। ਵੱਡੀ ਗਿਣਤੀ ਵਿਚ ਸੰਗਤਾਂ ਗੁਰੂਘਰ ਪੁੱਜੀਆਂ ਨੇ। ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ, ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਇਸ ਮਗਰੋਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੱਖ ਵੱਖ ਨਿਹੰਗ

ਸਿੰਘ ਜੱਥੇਬੰਦੀਆਂ ਨਾਲ ਰਲ ਕੇ ਪੁਰਾਤਨ ਰਿਵਾਇਤ ਅਨੁਸਾਰ ਮਹੱਲਾ ਸਜਾਇਆ ਮਹੱਲਾ ਸਜਾਇਆ ਗਿਆ. ਇੱਕ ਰਿਪੋਰਟ –

*V / C*

*ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਖਾਲਸਾਈ ਰੰਗ ਵਿੱਚ ਰੰਗੀ ਹੋਈ ਏ ਅਤੇ ਚਾਰੇ ਪਾਸੇ ਖਾਲਸਾਈ ਜਾਹੋ ਜਲਾਲ ਦਾ ਨਜ਼ਾਰਾ ਵੇਖਣ ਨੂੰ ਮਿਲ ਰਿਹਾ ਏ । ਹੋਲੇ ਮਹੱਲੇ ਦੇ ਸਮਾਪਤੀ ਵਾਲੇ ਦਿਨ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਮਹੱਲੇ ਦੇ ਰੂਪ ਵਿੱਚ ਨਗਰ ਕੀਰਤਨ ਸਜਾਇਆ ਗਿਆ. ਗੁਰੂਦੁਆਰਾ, ਗੁਰੂ ਕਾ ਬਾਗ ਤੋਂ ਮਹੱਲੇ ਵਿੱਚ ਵੱਖ-ਵੱਖ ਨਿਹੰਗ ਸਿੰਘ ਜੱਥੇਬੰਦੀਆਂ ਨੇ ਹਾਥੀ ਤੇ ਘੋੜਿਆਂ ਤੇ ਸਵਾਰ ਹੋ ਕੇ ਪੂਰੇ ਜਾਹੋ-ਜਲਾਲ ਦੇ ਨਾਲ ਸ਼ਮੂਲੀਅਤ ਕੀਤੀ ਅਤੇ ਇੱਕ-ਦੂਜੇ ਤੇ ਗੁਲਾਲ ਵੀ ਪਾਇਆ. ਮਹੱਲੇ ਦੇ ਚਰਣ ਗੰਗਾ ਸਟੇਡੀਅਮ ਵਿਖੇ ਪੁਜਣ ‘ਤੇ ਨਿਹੰਗ ਸਿੰਘਾਂ ਵੱਲੋਂ ਖਾਲਸਾਈ ਖੇਡਾਂ ਅਤੇ ਯੁਧ ਕਲਾ ਦਾ ਵਿਖਾਲਾ ਕੀਤਾ ਜਾ ਰਿਹਾ ਏ. ਓਧਰ ਗੁਰੂ ਨਗਰੀ ਅੰਮ੍ਰਿਤਸਰ ਵਿਖੇ ਖ਼ਾਸ ਰੌਣਕਾਂ ਵੇਖਣ ਨੂੰ ਮਿਲੀਆਂ। ਅੱਜ ਬਾਅਦ ਦੁਪਹਿਰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਰਵਾਇਤੀ ਨਗਰ ਕੀਰਤਨ ਸਜਾਇਆ ਗਿਆ। ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਤੋਂ ਹਰ ਸਾਲ, ਹੋਲੇ ਮੋਹੱਲੇ ਮੌਕੇ, ਸ੍ਰੀ ਅਕਾਲ ਤਖਤ ਸਾਹਿਬ ਤੋਂ ਇਹ ਰਵਾਇਤੀ ਨਗਰ*

*ਕੀਰਤਨ ਸਜਾਇਆ ਜਾਂਦਾ ਏ । ਗੁਰੂ ਜਸ ਗਾਇਨ ਕਰਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਨਗਰ ਕੀਰਤਨ 'ਚ ਸ਼ਾਮਿਲ ਹੋਈਆਂ।*

-----------------------------------------------------------------

ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਰਿਆਂ ਨੂੰ ਹੋਲੇ ਮਹੱਲੇ ਦੀਆਂ ਵਧਾਈਆਂ ਦਿੱਤੀਆਂ ਨੇ. ਇੱਕ ਸੋਸ਼ਲ ਮੀਡੀਆ ਪੋਸਟ ਵਿਚ ਮੁਖ ਮੰਤਰੀ ਨੇ ਸਾਰਿਆਂ ਨੂੰ ਇਸ ਮਹਾਨ ਪੁਰਬ ਮੌਕੇ ਸਚ ਤੇ ਹੱਕ ਦੇ ਮਾਰਗ 'ਤੇ ਚਲਣ ਦਾ ਅਹਿਦ ਲੈਣ ਦਾ ਸੱਦਾ ਦਿੱਤਾ.

-----------------------------------------------------------------

ਪੰਜਾਬ ਸਰਕਾਰ ਨੇ ਉਨ੍ਹਾਂ ਬੁਢਾਪਾ ਪੈਨਸ਼ਨਰਾਂ ਦੇ ਖਾਤਿਆਂ ਵਿੱਚੋਂ 170 ਕਰੋੜ ਰੁਪਏ ਦੀ ਰਿਕਵਰੀ ਕੀਤੀ ਏ ਜੋ ਜਾਂ ਤਾਂ ਜਾਅਲੀ ਸਨ ਜਾਂ ਮ੍ਰਿਤਕ ਸਨ। ਇਸ ਬਾਰੇ ਸਮਾਜਿਕ ਸੁਰੱਖਿਆ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਚੰਡੀਗੜ੍ਹ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਖੁਲਾਸਾ ਕੀਤਾ- byte – PENSIONERS

ਉਨ੍ਹਾਂ ਕਿਹਾ ਕਿ ਮਾਨਸਾ ਅਤੇ ਤਪਾ ਵਿੱਚ ਉਨ੍ਹਾਂ ਬਜ਼ੁਰਗਾਂ ਲਈ ਦੋ ਬਿਰਧ ਆਸ਼ਰਮ ਵੀ ਖੋਲ੍ਹੇ ਗਏ ਨੇ ਜੋ ਜਾਂ ਤਾਂ ਬੇਘਰ ਨੇ ਜਾਂ ਆਪਣੇ ਬੱਚਿਆਂ ਨਾਲ ਨਹੀਂ ਰਹਿ ਰਹੇ ਨੇ. 'ਸਾਡੇ ਬੁਜ਼ੁਰਗ-ਸਾਡਾ ਮਾਣ' ਯੋਜਨਾ ਤਹਿਤ ਵੀਹ ਹਜ਼ਾਰ ਬਜ਼ੁਰਗਾਂ ਨੂੰ ਕਾਨੂੰਨੀ ਮਦਦ ਅਤੇ ਹੋਰ ਜ਼ਰੂਰਤਾਂ ਪ੍ਰਦਾਨ ਕਰਕੇ ਲਾਭ ਪਹੁੰਚਾਇਆ ਗਿਆ ਏ । ਮੰਤਰੀ ਨੇ ਕਿਹਾ ਕਿ

ਕੇਂਦਰ ਸਰਕਾਰ ਦੀ ਹਮਾਇਤ ਵਾਲੀ 'ਮਾਤ੍ਰੂ ਵੰਦਨਾ ਯੋਜਨਾ' ਤਹਿਤ, ਸੂਬਾ ਸਰਕਾਰ ਨੇ ਕੇਂਦਰ ਵਲੋਂ ਦਿੱਤੇ ਟੀਚੇ ਮੁਤਾਬਿਕ ਲਗਭਗ ਦੁੱਗਣੀ ਗਿਣਤੀ ਵਿੱਚ ਔਰਤਾਂ ਨੂੰ ਲਾਭ ਪਹੁੰਚਾਇਆ ਏ। ਉਨ੍ਹਾਂ ਕਿਹਾ ਕਿ ਪਿਛਲੇ 4 ਸਾਲਾਂ ਵਿੱਚ, ਸੂਬੇ ਵਿੱਚ ਕਈ ਬਾਲ ਵਿਆਹਾਂ ਨੂੰ ਰੋਕਿਆ ਗਿਆ ਏ – byte – CHILD MARRIAGE

ਉਨ੍ਹਾਂ ਇਹ ਵੀ ਕਿਹਾ ਕਿ 'ਮਿਸ਼ਨ ਜੀਵਨ ਜੋਤ' ਤਹਿਤ, ਬਹੁਤ ਸਾਰੇ ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਇਆ ਗਿਆ ਏ ਅਤੇ ਹੁਣ ਉਨ੍ਹਾਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਇਆ ਜਾ ਰਿਹਾ ਏ। ਓਹਨਾਂ ਖੁਲਾਸਾ ਕੀਤਾ ਕਿ ਰਾਜ ਸਰਕਾਰ ਨੇ ਬਚਾਏ ਗਏ ਬੱਚਿਆਂ ਦਾ DNA ਟੈਸਟ ਜ਼ਰੂਰੀ ਕਰ ਦਿੱਤਾ ਏ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਕੀ ਉਨ੍ਹਾਂ ਦੇ ਪਿੱਛੇ ਕੋਈ ਗਿਰੋਹ ਕੰਮ ਕਰ ਰਿਹਾ ਏ ਜਾਂ ਉਨ੍ਹਾਂ ਦੇ ਆਪਣੇ ਮਾਪੇ ਉਨ੍ਹਾਂ ਨੂੰ ਭੀਖ ਮੰਗਣ ਲਈ ਵਰਤ ਰਹੇ ਨੇ. ਓਹਨਾਂ ਕਿਹਾ ਕਿ ਰਾਜ ਭਰ ਦੇ ਆਂਗਨਵਾੜੀ ਕੇਂਦਰਾਂ ਨੂੰ ਵੀ ਅਪਗ੍ਰੇਡ ਕੀਤਾ ਜਾ ਰਿਹਾ ਏ ਅਤੇ ਬੱਚਿਆਂ ਦੇ ਸਿੱਖਣ ਲਈ ਉਨ੍ਹਾਂ ਵਿੱਚੋਂ ਕੁਝ ਵਿੱਚ ਪਲੇਵੇਅ ਸਕੂਲ ਵੀ ਸ਼ੁਰੂ ਕੀਤੇ ਗਏ ਨੇ.

---------------------------------------------------

ਸਰਹੱਦੀ ਹਲਕਾ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਚੋਲਾ ਸਾਹਿਬ ਦਾ ਮੇਲਾ ਅਰੰਭ ਹੋ ਚੁੱਕਿਆ. ਸੰਗਤਾਂ ਦਾ ਇਕੱਠ ਗੁਰੂ ਨਾਨਕ ਦੇਵ ਜੀ ਦੇ ਚੋਲਾ ਸਾਹਿਬ ਵਿਖੇ ਨਤਮਸਤਕ ਹੋ ਰਿਹਾ ਏ . ਇਸੇ ਸਬੰਧ ਵਿੱਚ ਅੱਜ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਚੋਲਾ ਸਾਹਿਬ ਵਿਖੇ ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸੈਣੀ ਨਤਮਸਤਕ ਹੋਏ. ਨਤਮਸਤਕ ਹੋਣ ਤੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਤੇ ਚੱਲਣਾ ਚਾਹੀਦਾ ਏ ਅਤੇ ਉਹਨਾਂ ਦੇ ਉਪਦੇਸ਼ਾਂ ਦਾ ਹਮੇਸ਼ਾ ਹੀ ਸਤਿਕਾਰ ਕਰਨਾ ਚਾਹੀਦਾ ਏ .

---------------------------------------------------------------------------

ਇੱਕ ਇਤਿਹਾਸਿਕ ਉਪਲਬਧੀ ਦੇ ਰੂਪ ਵਿੱਚ, ਭਾਰਤੀ ਵਿਲੱਖਣ ਪਛਾਣ ਅਥਾਰਿਟੀ UIDAI ਨੇ ਪੂਰੇ ਦੇਸ਼ ਵਿੱਚ 1 ਲਖ 3,ਹਜ਼ਾਰ ਤੋਂ ਵਧ ਸਕੂਲਾਂ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ ਅਤੇ ਲੱਖਾਂ ਸਕੂਲੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲ ਕੈਂਪਸਾਂ ਵਿੱਚ ਸਰਲਤਾ ਅਤੇ ਸਹੂਲਤ ਨਾਲ ਆਧਾਰ ਵਿੱਚ ਆਪਣਾ ਲਾਜ਼ਮੀ ਬਾਇਓਮੀਟ੍ਰਿਕ ਅਪਡੇਟ MBU ਪੂਰਾ ਕਰਨ ਵਿੱਚ ਮਦਦ ਕੀਤੀ। ਹੁਣ ਤੱਕ, ਇਸ ਵਿਸ਼ਾਲ ਮੁਹਿੰਮ ਨੇ ਲਗਭਗ 1 ਕਰੋੜ 20 ਲਖ ਸਕੂਲੀ ਬੱਚਿਆਂ ਨੂੰ ਆਪਣੇ ਸਕੂਲਾਂ ਵਿੱਚ ਹੀ ਆਪਣਾ ਲਾਜ਼ਮੀ ਬਾਇਓਮੀਟ੍ਰਿਕ ਅਪਡੇਟ ਪੂਰਾ ਕਰਨ ਵਿੱਚ ਸਹਿਯੋਗ ਦਿੱਤਾ। ਦੇਸ਼ ਭਰ ਵਿੱਚ UIDAI ਦੇ ਖੇਤਰੀ

ਦਫ਼ਤਰ ਅਤੇ ਰਾਜ ਦਫ਼ਤਰ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਿੱਖਿਆ ਵਿਭਾਗਾਂ, ਜ਼ਿਲ੍ਹਾ ਪ੍ਰਸ਼ਾਸਨ, ਸਕੂਲਾਂ ਅਤੇ UIDAI ਦੇ ਈਕੋਸਿਸਟਮ ਭਾਈਵਾਲਾਂ ਸਮੇਤ ਸਾਰੇ ਹਿੱਸੇਦਾਰਾਂ ਨਾਲ ਬਾਲ-ਹਿਤੈਸ਼ੀ ਗਤੀਵਿਧੀਆਂ ਦੇ ਤਾਲਮੇਲ ਲਈ ਕੰਮ ਕਰ ਰਹੇ ਨੇ.

------------------------------------------------------------------------

ICC twenty twenty ਕ੍ਰਿਕੇਟ ਵਿਸ਼ਵ ਕੱਪ ਦਾ ਪਹਿਲਾ ਸੈਮੀਫਾਈਨਲ ਅੱਜ ਸ਼ਾਮ ਦੱਖਣੀ ਅਫਰੀਕਾ ਅਤੇ ਨਿਊਜ਼ੀਲੈਂਡ ਵਿਚਕਾਰ ਖੇਡਿਆ ਜਾਵੇਗਾ। ਇਹ ਮੈਚ ਕੋਲਕਾਤਾ ਦੇ ਈਡਨ ਗਾਰਡਨ ਵਿੱਚ ਸ਼ਾਮ 7 ਵਜੇ ਸ਼ੁਰੂ ਹੋਵੇਗਾ। ਭਾਰਤ ਕੱਲ੍ਹ ਮੁੰਬਈ ਵਿੱਚ ਦੂਜੇ ਸੈਮੀਫਾਈਨਲ ਵਿੱਚ ਇੰਗਲੈਂਡ ਦਾ ਸਾਹਮਣਾ ਕਰੇਗਾ। ਦੋਵਾਂ ਮੈਚਾਂ ਦੇ ਜੇਤੂ 8 ਮਾਰਚ ਨੂੰ ਅਹਿਮਦਾਬਾਦ ਵਿੱਚ ਖਿਤਾਬੀ ਮੈਚ ਖੇਡਣਗੇ।

------------------------------------------------------------------------

- ਵਿਦੇਸ਼ ਮੰਤਰਾਲੇ ਵਲੋਂ ਪੱਛਮੀ ਏਸ਼ੀਆ ਅਤੇ ਖਾੜੀ ਖੇਤਰ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਇੱਕ ਕੰਟਰੋਲ ਰੂਮ ਕਾਇਮ.
- ਪਛਮੀ ਏਸ਼ੀਆ ‘ਚ ਚਲ ਰਹੇ ਤਣਾਅ ਦਰਮਿਆਨ ਕੁਝ ਭਾਰਤੀ ਦੇਸ਼ ਪਰਤੇ ਨੇ .
- ਪੰਜਾਬ ‘ਚ ਹੋਲੀ ਤੇ ਹੋਲੇ ਮਹੱਲੇ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਏ ਜਾ ਰਹੇ ਨੇ.